ਮਾਮਲਾ ਪੈਟਰੋਲ ਡੀਜ਼ਲ 'ਤੇ ਚੁੰਗੀ ਹਟਾਉਣ ਦਾ

# ਚੋਣ ਕਮਿਸ਼ਨ ਨੇ ਕੀਤੀ ਪੰਜਾਬ ਸਰਕਾਰ ਤੋਂ ਜਵਾਬ ਤਲਬੀ

☆ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਵੀਡੀਓ ਕਾਨਫਰੰਸ ☆ 'ਕੋਡ ਆਫ ਕੰਡਕਟ' ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼

ਚੰਡੀਗੜ੍ਹ, 25 ਦਸੰਬਰ (ਨਰੇਸ਼ ਸ਼ਰਮਾ)– ਪੰਜਾਬ ਦੀ ਅਕਾਲੀ–ਭਾਜਪਾ ਸਰਕਾਰ ਵਲੋਂ 'ਕੋਡ ਆਫ ਕੰਡਕਟ' ਲਾਗੂ ਹੋਣ ਤੋਂ ਕੁਝ ਸਮਾਂ ਪਹਿਲਾਂ ਵੋਟਰਾਂ ਨੂੰ ਭਰਮਾਉਣ ਲਈ ਬੀਤੇ ਦਿਨ ਮਿਊਂਸਪਲ ਖੇਤਰ 'ਚ ਸਪਲਾਈ ਹੁੰਦੇ ਪੈਟਰੋਲ ਤੇ ਡੀਜ਼ਲ 'ਤੇ ਚੁੰਗੀ ਹਟਾਉਣ ਦਾ ਚੋਣ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਹੈ। ਇਸ ਦੇ ਚਲਦੇ ਕਮਿਸ਼ਨ ਨੇ ਰਾਜ ਸਰਕਾਰ ਤੋਂ ਇਸ ਮਾਮਲੇ 'ਚ ਜਵਾਬ ਤਲਬੀ ਕਰ ਲਈ ਹੈ।

ਕਮਿਸ਼ਨ ਨੇ ਰਾਜ ਸਰਕਾਰ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਇਹ ਫੈਸਲਾ ਰਾਜ ਸਰਕਾਰ ਨੇ ਕਦੋਂ ਲਿਆ ਤੇ ਇਸ ਸਬੰਧ 'ਚ ਬੈਠਕ ਕਦੋਂ ਹੋਈ ਸੀ। ਇਥੋਂ ਤਕ ਕਿ ਇਸ ਸਬੰਧ 'ਚ ਨੋਟੀਫਿਕੇਸ਼ਨ ਕਿਸ ਮਿਤੀ ਨੂੰ ਜਾਰੀ ਕੀਤਾ ਗਿਆ ਹੈ। ਚੁੰਗੀ ਹਟਾਉਣ ਲਈ ਸਰਕਾਰ ਨੇ ਕਿਸ ਪ੍ਰਕਿਰਿਆ ਨੂੰ ਅਪਣਾਇਆ ਹੈ ਉਸ ਦੀ ਜਾਣਕਾਰੀ ਦਿੱਤੀ ਜਾਏ। ਇਸ ਸਬੰਧ 'ਚ ਕਮਿਸ਼ਨ ਨੂੰ ਸਪੱਸ਼ਟ ਕੀਤਾ ਜਾਏ। ਰਾਜ ਸਰਕਾਰ ਦੇ ਫੈਸਲੇ ਨਾਲ ਰਾਜ 'ਚ ਪੈਟਰੋਲ 70 ਪੈਸੇ ਤੇ ਡੀਜ਼ਲ 80 ਪੈਸੇ ਪ੍ਰਤੀ ਲੀਟਰ ਸਸਤਾ ਹੋ (ਬਾਕੀ ਸਫ਼ਾ 2 ਕਾਲਮ 3 'ਤੇ)

## ਡੀ.ਸੀ.ਮਾਨਸਾ 'ਤੇ ਡਿੱਗੇਗੀ ਗਾਜ਼

'ਕੋਡ ਆਫ ਕੰਡਕਟ' ਲਗਦੇ ਹੀ ਸਭ ਤੋਂ ਪਹਿਲਾਂ ਗਾਜ ਮਾਨਸਾ ਦੇ ਡਿਪਟੀ ਕਮਿਸ਼ਨਰ ਰਵਿੰਦਰ ਸਿੰਘ 'ਤੇ ਡਿੱਗਣ ਜਾ ਰਹੀ ਹੈ ਕਿਉਂਕਿ ਉਹ ਹੀ ਇਕੋ ਇਕ ਨਾਨ ਆਈ. ਏ. ਐੱਸ. ਅਧਿਕਾਰੀ ਹਨ ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰ ਲਾਇਆ ਗਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਜਦ ਰਾਜ ਸਰਕਾਰ ਨੇ ਇਕ ਪੀ. ਸੀ. ਐੱਸ. ਅਧਿਕਾਰੀ ਨੂੰ ਡੀ. ਸੀ. ਲਾ ਦਿੱਤਾ ਹੈ ਜੋ ਆਪਣੇ ਕੈਡਰ 'ਚ ਵੀ ਕਈ ਪੀ. ਸੀ. ਐੱਸ. ਅਧਿਕਾਰੀਆਂ ਤੋਂ ਜੂਨੀਅਰ ਹੈ ਜਦ ਕਿ ਨਿਯਮਾਂ ਦੇ ਅਨੁਸਾਰ ਕੈਡਰ ਪੋਸਟ 'ਤੇ ਕਿਸੇ ਪੀ. ਸੀ. ਐੱਸ. ਅਧਿਕਾਰੀ ਨਹੀਂ ਲਾਇਆ ਜਾ ਸਕਦਾ। ਇਸ ਦੇ ਇਲਾਵਾ ਠੇਕੇ 'ਤੇ ਤੈਨਾਤ ਪੀ. ਸੀ. ਐੱਸ. ਅਧਿਕਾਰੀਆਂ ਨੂੰ ਵੀ ਫੀਲਡ 'ਚੋਂ ਬਦਲਿਆ ਜਾਏਗਾ ਕਿਉਂਕਿ ਕਮਿਸ਼ਨ ਪਹਿਲਾਂ ਹੀ ਸਪੱਸ਼ਟ ਕਰ ਚੁੱਕਿਆ ਹੈ ਕਿ ਇਨ੍ਹਾਂ ਨੂੰ ਚੋਣ ਕਾਰਜ 'ਤੇ ਨਹੀਂ ਲਾਇਆ ਜਾਏਗਾ। ਇਸ ਲਈ ਜਿੱਥੇ ਵੀ ਠੇਕੇ 'ਤੇ ਤੈਨਾਤ (ਬਾਕੀ ਸਫ਼ਾ 2 ਕਾਲਮ 3 'ਤੇ)

### ਚੋਣ ਕਮਿਸ਼ਨ...

ਗਿਆ ਹੈ।

ਟੀ. ਵੀ. ਇਸ਼ਤਿਹਾਰ ਪਹਿਲਾਂ ਕਰਵਾਉਣਾ ਹੋਵੇਗਾ ਮਨਜ਼ੂਰ - ਇਸ ਦੇ ਇਲਾਵਾ ਕਮਿਸ਼ਨ ਨੇ ਅੱਜ ਰਾਜ ਚੋਣ ਕਮਿਸ਼ਨ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਰਾਜਨੀਤਿਕ ਪਾਰਟੀਆਂ ਜੋ ਟੀ. ਵੀ 'ਤੇ ਆਪਣਾ ਇਸ਼ਤਿਹਾਰ ਦੇਣਗੀਆਂ ਉਸ ਨੂੰ ਮੀਡੀਆ ਸਰਟੀਫਿਕੇਸ਼ਨ ਕਮੇਟੀ ਤੋਂ ਮਨਜ਼ੂਰ ਕਰਾਉਣਾ ਪਵੇਗਾ। ਕਮੇਟੀ ਦੀ ਮਨਜ਼ੂਰੀ ਦੇ ਬਿਨ੍ਹਾਂ ਕੋਈ ਵੀ ਇਸ਼ਤਿਹਾਰ ਟੀ.ਵੀ 'ਤੇ ਨਹੀਂ ਚਲ ਸਕੇਗਾ। ਮੁੱਖ ਚੋਣ ਅਧਿਕਾਰੀ ਕੁਸਮਜੀਤ ਸਿੱਧੂ ਨੇ ਅੱਜ ਡਿਪਟੀ ਕਮਿਸ਼ਨਰਾਂ ਦੇ ਨਾਲ ਵੀਡੀਓ ਕਾਨਫਰੰਸ ਕੀਤੀ ਹੈ ਜਿਸ 'ਚ ਉਨ੍ਹਾਂ ਨੇ ਸਖਤ ਹਦਾਇਤ ਕੀਤੀ ਹੈ ਕਿ ਕੋਡ ਆਫ ਕੰਡਕਟ ਸਖਤੀ ਨਾਲ ਲਾਗੂ ਕੀਤਾ ਜਾਏ ਜੋ ਵੀ ਹੋਰਡਿੰਗ ਲਾਏ ਗਏ ਹਨ ਉਨ੍ਹਾਂ ਨੂੰ ਸ਼ਹਿਰ 'ਚੋਂ ਤੁਰੰਤ ਹਟਾਇਆ ਜਾਏ।

ਇਸ ਦੇ ਇਲਾਵਾ ਕੋਈ ਵੀ ਮੰਤਰੀ ਸਰਕਾਰੀ ਗੱਡੀ ਦਾ ਪ੍ਰਯੋਗ ਨਹੀਂ ਕਰੇਗਾ। ਸਪੈਸ਼ਲ ਚੋਣ ਅਧਿਕਾਰੀ ਊਸ਼ਾ ਸ਼ਰਮਾ ਨੇ ਦੱਸਿਆ ਕਿ ਅੱਜ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਹਦਾਇਤ ਦਿੱਤੀ ਗਈ ਹੈ ਕਿ ਜੋ ਗ੍ਰਹਿ ਜ਼ਿਲਾ ਜਾਂ 3 ਸਾਲ ਤੋਂ ਇਕ ਜਗ੍ਹਾ 'ਤੇ ਤੈਨਾ ਤਹਨ ਉਸ ਨੂੰ ਤੁਰੰਤ ਤਬਦੀਲ ਕੀਤਾ ਜਾਏ। ਜਿੰਨੇ ਵੀ ਸ਼ਹਿਰਾਂ 'ਚ ਹੋਰਡਿੰਗ ਲੱਗੇ ਹਨ ਉਨ੍ਹਾਂ ਨੂੰ ਤੁਰੰਤ ਹਟਾ ਦਿੱਤਾ ਜਾਏ।

### ਡੀ. ਸੀ. ਮਾਨਸਾ...

ਪੀ.ਸੀ.ਐੱਸ. ਅਧਿਕਾਰੀ ਐੱਸ.ਡੀ.ਐੱਮ. ਦਾ ਕਾਰਜ ਦੇਖ ਰਿਹਾ ਹੈ ਉਸ ਨੂੰ ਵੀ ਤਬਦੀਲ ਕੀਤਾ ਜਾ ਰਿਹਾ ਹੈ। ਕਮਿਸ਼ਨ ਦੀ ਹੋਰ ਕਈ ਅਧਿਕਾਰੀਆਂ 'ਤੇ ਵੀ ਨਜ਼ਰ ਹੈ ਜੋ ਆਪਣੇ ਗ੍ਰਹਿ ਜ਼ਿਲੇ 'ਚ 3 ਸਾਲ ਤੋਂ ਜ਼ਿਆਦਾ ਸਮੇਂ ਤੋਂ ਇਕ ਹੀ ਜਗ੍ਹਾ 'ਤੇ ਤੈਨਾਤ ਹਨ। ਕਮਿਸ਼ਨ ਹੁਣ ਇਸ ਮਾਮਲਾ 'ਚ ਸਿੱਧੀ ਕਾਰਵਾਈ ਕਰ ਸਕਦਾ ਹੈ। ਇਸ ਲਈ ਹੁਣ ਉਹ ਇਸ ਮਾਮਲੇ 'ਚ ਪੈਨਲ ਮੰਗਾਉਣ ਜਾ ਰਿਹਾ ਹੈ। ਇਸ ਸਮੇਂ ਡੀ. ਸੀ. ਕਪੂਰਥਲਾ ਦਾ ਵਾਧੂ ਕਾਰਜਭਾਰ ਵੀ ਡੀ.ਸੀ. ਜਲੰਧਰ ਨੂੰ ਦਿੱਤਾ ਗਿਆ ਹੈ। ਉਥੇ ਡੀ.ਸੀ. ਲਾਇਆ ਜਾਣਾ ਹੈ। ਇਸ ਲਈ ਕਮਿਸ਼ਨ ਇਸ ਮਾਮਲੇ 'ਚ ਸਖ਼ਤ ਰੁੱਖ ਅਖਤਿਆਰ ਕਰਨ ਜਾ ਰਿਹਾ ਹੈ।